# ਬਲੱਭਗੜ੍ਹ ਵਿੱਚ 14 ਅਕਤੂਬਰ ਨੂੰ ਪੂਸਾ ਬਾਸਮਤੀ 1121 ਦਾ ਭਾਅ 3,512 ਰੁਪਏ ਦਰਜ

ਸਰਕਾਰੀ ਪੋਰਟਲ https://agmarknet.gov.in ਤੋਂ ਮਿਲੇ ਅੰਕੜਿਆਂ ਮੁਤਾਬਿਕ, 11-17 ਅਕਤੂਬਰ ਦੇ ਹਫ਼ਤੇ ਦੌਰਾਨ ਹਰਿਆਣਾ ਦੇ ਫ਼ਰੀਦਾਬਾਦ ਜ਼ਿਲ੍ਹੇ ਦੀ ਬਲੱਭਗੜ੍ਹ ਮੰਡੀ ਵਿਚ 14 ਅਕਤੂਬਰ ਨੂੰ ਬਾਸਮਤੀ ਦੀ ਕਿਸਮ ਪੂਸਾ ਬਾਸਮਤੀ 1121 ਦਾ ਭਾਅ ਸਭ ਤੋਂ ਵੱਧ ਰਿਹਾ ਜਿਹੜਾ ਕਿ 3,512 ਰੁਪਏ ਪ੍ਰਤੀ ਕੁਇੰਟਲ ਸੀ।

ਪੋਰਟਲ ਮੁਤਾਬਿਕ ਹਫ਼ਤੇ ਦੇ ਦੌਰਾਨ, ਪੂਸਾ ਬਾਸਮਤੀ 1121 ਦਾ ਸਭ ਤੋਂ ਨੀਵਾਂ ਘੱਟੋ-ਘੱਟ ਭਾਅ 1,960 ਰੁਪਏ ਪ੍ਰਤੀ ਕੁਇੰਟਲ ਪੰਜਾਬ ਦੇ ਫ਼ਤਿਹਗੜ੍ਹ ਸਾਹਿਬ, ਫ਼ਿਰੋਜ਼ਪੁਰ, ਗੁਰਦਾਸਪੁਰ ਅਤੇ ਮੁਕਤਸਰ ਜ਼ਿਲ੍ਹਿਆਂ ਵਿੱਚ 19 ਵਾਰੀ ਦਰਜ ਕੀਤਾ ਗਿਆ।

ਹਫ਼ਤੇ ਦੇ ਦੌਰਾਨ, ਮੱਧ ਪ੍ਰਦੇਸ਼ ਦੇ ਇੱਕ, ਹਰਿਆਣਾ ਦੇ ਤਿੰਨ ਅਤੇ ਪੰਜਾਬ ਦੇ ਸੱਤ ਜ਼ਿਲ੍ਹਿਆਂ ਤੋਂ ਪੂਸਾ ਬਾਸਮਤੀ 1121 ਦੀ ਕੀਮਤ ਦਰਜ ਕੀਤੀ ਗਈ। ਪੰਜਾਬ ਅਤੇ ਹਰਿਆਣਾ ਦੇ ਸੱਤ ਜ਼ਿਲ੍ਹਿਆਂ ਵਿੱਚ ਨੌਂ ਵਾਰੀ ਫ਼ਸਲ ਦੀ ਆਮ ਭਾਅ 3,000 ਰੁਪਏ ਤੋਂ ਵੱਧ ਰਿਹਾ।

ਪੋਰਟਲ ਉੱਤੇ ਦਰਜ ਅੰਕੜਿਆਂ ਮੁਤਾਬਿਕ, ਬਾਸਮਤੀ ਦੀ ਜਲਦੀ ਤਿਆਰ ਹੋਣ ਵਾਲੀ ਕਿਸਮ ਪੂਸਾ ਬਾਸਮਤੀ 1509 ਦਾ ਸਭ ਤੋਂ ਵੱਧ ਭਾਅ 3,450 ਰੁਪਏ ਪ੍ਰਤੀ ਕੁਇੰਟਲ ਪੰਜਾਬ ਦੇ ਪਟਿਆਲਾ ਜ਼ਿਲ੍ਹੇ ਦੀ ਰਾਜਪੁਰਾ ਮੰਡੀ ਵਿੱਚ 11 ਅਕਤੂਬਰ ਨੂੰ ਰਿਹਾ। ਉਸ ਦਿਨ ਮੰਡੀ ਵਿੱਚ ਘੱਟੋ-ਘੱਟ ਭਾਅ 3,100 ਰੁਪਏ ਪ੍ਰਤੀ ਕੁਇੰਟਲ ਸੀ।

ਹਫ਼ਤੇ ਦੇ ਦੌਰਾਨ, ਪੂਸਾ ਬਾਸਮਤੀ 1509 ਦਾ ਭਾਅ 3,000 ਰੁਪਏ ਪ੍ਰਤੀ ਕੁਇੰਟਲ ਤੋਂ ਉੱਤੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ 13 ਜ਼ਿਲ੍ਹਿਆਂ ਵਿੱਚ 54 ਵਾਰੀ ਰਿਹਾ। ਯੂ ਪੀ ਦੇ ਫ਼ਿਰੋਜ਼ਾਬਾਦ ਜ਼ਿਲ੍ਹੇ ਦੀ ਸ਼ਿਕੋਹਾਬਾਦ ਮੰਡੀ ਵਿੱਚ ਇਸ ਜਿਣਸ ਦਾ ਸਭ ਤੋਂ ਨੀਵਾਂ ਵੱਧ ਤੋਂ ਵੱਧ ਭਾਅ 2,150 ਰੁਪਏ ਪ੍ਰਤੀ ਕੁਇੰਟਲ 16 ਅਕਤੂਬਰ ਨੂੰ ਦਰਜ ਕੀਤਾ ਗਿਆ।

ਪੋਰਟਲ ਦੇ ਅੰਕੜਿਆਂ ਮੁਤਾਬਿਕ, 11-17 ਅਕਤੂਬਰ ਦੇ ਦੌਰਾਨ, ਬਾਸਮਤੀ ਦੀ ਕਿਸਮ ਸੁਗੰਧਾ ਯੂ ਪੀ ਦੇ ਆਗਰਾ, ਅਲੀਗੜ੍ਹ, ਬੁਲੰਦਸ਼ਹਿਰ, ਗ਼ਾਜ਼ਿਆਬਾਦ  ਅਤੇ ਹਾਥਰਸ ਅਤੇ ਐਮ ਪੀ ਦੇ ਗਵਾਲੀਅਰ ਜ਼ਿਲ੍ਹਿਆਂ ਵਿੱਚ 1,900-3,040 ਰੁਪਏ ਪ੍ਰਤੀ ਕੁਇੰਟਲ ਦੇ ਦਰਮਿਆਨ ਵਿਕੀ। ਹਫ਼ਤੇ ਦੇ ਦੌਰਾਨ, ਸੁਪਰ ਬਾਸਮਤੀ ਕਿਸਮ ਯੂ ਪੀ ਦੇ ਮੋਰਾਦਾਬਾਦ, ਮੈਨਪੁਰੀ ਅਤੇ ਗੌਤਮ ਬੁੱਧ ਨਗਰ ਜ਼ਿਲ੍ਹਿਆਂ ਵਿੱਚ 2,000-2,550 ਰੁਪਏ ਪ੍ਰਤੀ ਕੁਇੰਟਲ ਦੇ ਦਰਮਿਆਨ ਵਿਕੀ।